ਟੀ ਜੀ – ਫੇਮ ਸੀਰੀਜ਼

ਟਾਰਗੇਟ ਗਰੁੱਪ ਵਿੱਤੀ ਜਾਗਰੂਕਤਾ ਸੰਦੇਸ਼




# ਵਿੱਤੀ ਸਾਖਰਤਾ



## ਕਿਸਾਨਾਂ ਲਈ

ਵਿੱਤੀ ਸਮਾਵੇਸ਼ਨ ਅਤੇ ਵਿਕਾਸ ਵਿਭਾਗ, ਭਾਰਤੀ ਰਿਜ਼ਰਵ ਬੈਂਕ

| ਸੰਦੇਸ਼ 1 |
| --- |
| ਕਿਸਾਨ ਕ੍ਰੈਡਿਟ ਕਾਰਡ ਸਕੀਮ – ਮੁੱਖ ਤੌਰ ਫਸਲ ਕਰਜ਼ਿਆਂ ਦੀਆਂ ਜਰੂਰਤਾਂ ਲਈ ਅਤੇ ਅੰਸ਼ਿਕ ਤੌਰ ਤੇ ਖਪਤ ਦੇ ਉਦੇਸ਼ਾਂ ਲਈ। |

| ਸੰਦੇਸ਼ 2 |
| --- |
| ਫਸਲੀ ਕਰਜ਼ ਦੀ ਤਤਕਾਲੀ ਅਦਾਇਗੀ ਦੇ ਕੀ ਲਾਭ ਹਨ? |

| ਸੰਦੇਸ਼ 3 |
| --- |
| ਖੇਤੀ ਉਤਪਾਦਾਂ ਦੀ ਸੰਕਟਕਾਲੀ ਵਿਕਰੀ ਤੋਂ ਬਚੋ – ਵੇਅਰਹਾਊਸ ਰਸੀਦਾਂ ਦੇ ਨਾਲ ਵਿੱਤੀ ਸਹਾਇਤਾ ਪ੍ਰਾਪਤ ਕਰੋ। |

| ਸੰਦੇਸ਼ 4 |
| --- |
| ਫਸਲ ਬੀਮਾ – ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ (ਪੀ ਐਮ ਐਫ ਬੀ ਵਾਈ) |

| ਸੰਦੇਸ਼ 5 |
| --- |
| ਕੁਦਰਤੀ ਆਪਦਾ ਕਰਕੇ ਜੇ ਤੁਹਾਡੀ ਫਸਲ ਦਾ ਨੁਕਸਾਨ ਹੋ ਗਿਆ ਹੈ ਤਾਂ ਉਮੀਦ ਨਾ ਛੱਡੋ। ਫਸਲ ਦੇ ਨੁਕਸਾਨ ਦੀ ਹੱਦ ਬਾਰੇ ਆਪਣੇ ਬੈਂਕ ਨੂੰ ਸੂਚਿਤ ਕਰੋ ਅਤੇ ਬੈਂਕ ਤੋਂ ਸਹਾਇਤਾ ਦੀ ਮੰਗ ਕਰੋ। |

ਕਿਸਾਨ ਕਰੈਡਿਟ ਕਾਰਡ ਸਕੀਮ – ਮੁੱਖ ਤੌਰ ਫਸਲ ਕਰਜ਼ਿਆਂ ਦੀਆਂ ਜ਼ਰੂਰਤਾਂ ਲਈ ਅਤੇ ਅੰਸ਼ਿਕ ਤੌਰ ਤੇ ਖਪਤ ਦੇ ਉਦੇਸ਼ਾਂ ਲਈ।

ਫਾਰਮ ਉੱਤਪਾਦਾਂ ਨੂੰ ਸੰਕਟ ਵਿਚ ਵੇਚਣ ਤੋਂ ਬਚੋ – ਵੇਅਰਹਾਊਸ ਰਸੀਦਾਂ # ਦੇ ਨਾਲ ਫਸਲ ਵਾਢੀ ਤੋਂ ਬਾਅਦ ਵਿੱਤੀ ਸਹਾਇਤਾ ਪ੍ਰਾਪਤ ਕਰੋ।

ਫਸਲੀ ਕਰਜ਼ਿਆਂ ਨੂੰ ਤਤਕਾਲ ਵਾਪਸ ਕਰਨ ਦੇ ਕਈ ਲਾਭ ਹਨ। ਵਿਆਜ ਸਬਵੈਂਸ਼ਨ ਯੋਜਨਾ*



ਕੁਦਰਤੀ ਆਪਦਾ ਕਰਕੇ ਜੇ ਤੁਹਾਡੀ ਫਸਲ ਦਾ ਨੁਕਸਾਨ ਹੋ ਗਿਆ ਹੈ ਤਾਂ ਉਮੀਦ ਨਾ ਛੱਡੋ। ਫਸਲ ਦੇ ਨੁਕਸਾਨ ਦੀ ਹੱਦ ਬਾਰੇ ਆਪਣੇ ਬੈਂਕ ਨੂੰ ਸੂਚਿਤ ਕਰੋ ਅਤੇ ਬੈਂਕ ਤੋਂ ਮੁੜ ਨਿਰਮਾਣ ਲਈ ਸਹਾਇਤਾ ਦੀ ਮੰਗ ਕਰੋ।

ਆਪਣੀ ਫਸਲ ਦਾ ਬੀਮਾ ਕਰਾਉ ਅਤੇ ਖੁਦ ਨੂੰ ਸੁਰੱਖਿਅਤ ਕਰੋ – ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ

* ਜਿਵੇਂ ਕਿ ਸਮੇਂ ਸਮੇਂ ਤੇ ਭਾਰਤ ਸਰਕਾਰ ਦੁਆਰਾ ਘੋਸ਼ਿਤ ਕੀਤਾ ਗਿਆ ਹੈ

# ਸਿਰਫ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ

## ਸੰਦੇਸ਼ 1 ਕਿਸਾਨ ਕਰੈਡਿਟ ਕਾਰਡ ਸਕੀਮ – ਮੁੱਖ ਤੌਰ ਫਸਲ ਕਰਜ਼ਿਆਂ ਦੀਆਂ ਜ਼ਰੂਰਤਾਂ ਲਈ ਅਤੇ ਅੰਸ਼ਿਕ ਤੌਰ ਤੇ ਖਪਤ ਦੇ ਉਦੇਸ਼ਾਂ ਲਈ।

ਕੇਸੀਸੀ ਯੋਜਨਾ ਦਾ ਮੰਤਵ ਕਿਸਾਨਾਂ ਨੂੰ ਸਮੇਂ ਸਿਰ ਅਤੇ ਪੂਰੀ ਮਾਤਰਾ ਵਿਚ ਕਰਜ਼ਾ ਪ੍ਰਦਾਨ ਕਰਨਾ ਹੈ ਤਾਕਿ ਉਹ ਅਚਾਨਕ ਖ਼ਰਚਿਆਂ ਦੇ ਅਲਾਵਾ ਆਪਣੀਆਂ ਉਤਪਾਦਨ ਸਬੰਧੀ (ਖੇਤੀਬਾੜੀ ਦੇ ਖਰਚੇ) ਲੋੜਾਂ ਨੂੰ ਪੂਰਾ ਕਰ ਸਕਣ ਅਤੇ ਆਸਾਨ ਕਾਰਜ ਸੁਵਿਧਾਵਾਂ ਰਾਹੀਂ ਸਹਾਇਕ ਕਿਰਿਆਵਾਂ ਨਾਲ ਜਦੋਂ ਤੇ ਜਿਨ੍ਹੇ ਵਿੱਤ ਦੀ ਜ਼ਰੂਰਤ ਹੋਵੇ ਪ੍ਰਾਪਤ ਕਰ ਸਕਣ।

1



ਥੋੜ੍ਹੇ ਸਮੇਂ ਲਈ ਕਰੈਡਿਟ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਫਸਲਾਂ ਦੀ ਕਾਸ਼ਤ

6



ਖੇਤੀ ਅਤੇ ਸਹਾਇਕ ਗਤੀਵਿਧੀਆਂ ਜਿਵੇਂ ਕਿ ਪੰਪ ਸੈਂਟ, ਸਪਰੇਅਰ, ਡੇਅਰੀ, ਜਾਨਵਰਾਂ ਆਦਿ ਲਈ ਨਿਵੇਸ਼ ਕ੍ਰੈਡਿਟ ਦੀ ਲੋੜ

2



ਫਸਲ ਵਾਢੀ ਤੋਂ ਬਾਅਦ ਦੇ ਖਰਚੇ।





3



ਫਾਰਮ ਉਤਪਾਦਾਂ ਦੀ ਵਿਕਰੀ ਲਈ ਲੋਨ

5



ਕਿਸਾਨ ਪਰਿਵਾਰ ਦੀਆਂ ਖਪਤ ਦੀਆਂ ਲੋੜਾਂ

4




ਡੇਅਰੀ ਜਾਨਵਰ, ਅੰਦਰੂਨੀ ਮੱਛੀ ਪਾਲਣ ਆਦਿ ਵਰਗੀ ਖੇਤੀ ਨਾਲ ਸੰਬੰਧਤ ਖੇਤੀ ਸੰਪੱਤੀ ਦੇ ਰੱਖਰਖਾਵ ਲਈ ਲੋੜੀਂਦੀ ਪੂੰਜੀ।

ਨੋਟ : 1 ਤੋਂ 5 ਤੱਕ ਘੱਟ ਮਿਆਦੀ ਕਰਜ ਭਾਗ ਅਤੇ 6 ਦੀਆਂ ਕਰਜ ਭਾਗ ਹੋਵੇਗਾ।

ਖੇਤੀਬਾੜੀ ਅਤੇ ਸੰਬੰਧਿਤ ਕੰਮਾਂ ਜਿਵੇਂ ਕਿ ਪੰਪ ਸੈਟ, ਸਪਰੇਅਰ, ਡੇਅਰੀ ਪਸ਼ੂਆਂ ਆਦਿ ਲਈ ਨਿਵੇਸ਼ ਕਰਜ਼ਾਂ ਦੀ ਲੋੜ।

ਜਦੋਂ ਕੇ.ਸੀ.ਸੀ. ਅਧੀਨ ਛੋਟੀ ਮਿਆਦ ਦੀ ਸੀਮਾ ਦੇ 10% ਨੂੰ ਘਰੇਲੂਖਪਤ ਦੇ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ, ਤਾਂ ਇਹ ਸਲਾਹ ਯੋਗ ਹੈ ਕਿ ਘਰੇਲੂਖਪਤ ਖਰਚੇ ਲਈ ਵੱਧ ਫੰਡਾਂ ਨੂੰ ਨਾ ਵਰਤਿਆ ਜਾਵੇ।




## ਕਿਉਂ ?

ਕੇ.ਸੀ.ਸੀ. ਦਾ ਮੰਤਵ ਤੁਹਾਡੀਆਂ ਫਸਲ ਕਰਜ਼ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਹੈ ਅਤੇ ਕੇ.ਸੀ.ਸੀ. ਫੰਡਾਂ ਤੋਂ ਪਰਿਵਾਰ ਦੇ ਖਰਚਿਆਂ ਉੱਤੇ ਖਰਚ ਕੀਤੀ ਗਈ ਵੱਡੀ ਰਕਮ ਆਮਦਨ ਪੈਦਾ ਕਰਨ ਦੀ ਸਮੱਰਥਾ ਤੇ ਅਸਰ ਪਾਵੇਗੀ। ਤੁਹਾਡੀ ਖੇਤੀ ਗਤੀਵਿਧੀਆਂ ਤੋ ਹੋਈ ਆਮਦਨੀ ਕੇ.ਸੀ.ਸੀ. ਅਧੀਨ ਬਕਾਇਆ ਕਰਜ਼ਾਂ ਨੂੰ ਚੁਕਾਉਣ ਵਿਚ ਮਦਦ ਕਰਦੀ ਹੈ। ਜਦੋਂ ਤੁਸੀਂ ਖੇਤੀ ਗਤੀਵਿਧੀਆਂ ਤੋਂ ਕਮਾਏ ਧਨ ਨੂੰ ਦੂਜੇ ਕੰਮ ਵਿਚ ਵਰਤਦੇ ਹੋ ਤਾਂ ਤੁਸੀਂ ਆਪਣੇ ਕਰਜ਼ ਦੀ ਵਾਪਸੀ ਦੀ ਸਥਿਤੀ ਵਿਚ ਨਹੀਂ ਹੋ ਸਕੋਗੇ।



## ਕੇ.ਸੀ.ਸੀ. ਦੀਆਂ ਵਿਸ਼ੇਸ਼ਤਾਵਾਂ

1. ਕੇ.ਸੀ.ਸੀ. ਉਧਾਰ ਲੈਣ ਵਾਲਿਆਂ ਨੂੰ ਇਕ ਏ ਟੀ ਐਮ ਕਮ ਡੈਬਿਟ ਕਾਰਡ ਜਾਰੀ ਕੀਤਾ ਜਾਵੇਗਾ, ਜੋ ਕਿ ਉਹਨਾਂ ਨੂੰ ਏ.ਟੀ.ਐਮ. ਦੁਆਰਾ ਕੇ.ਸੀ.ਸੀ. ਅਕਾਉਂਟ ਤੋਂ ਪੈਸੇ ਕੱਢਣ ਅਤੇ ਖਰੀਦ ਕੇਂਦਰਾ ਨੂੰ ਭੁਗਤਾਨ ਅਦਾਇਗੀ ਕਰਨ ਦੇ ਯੋਗ ਬਣਾਏਗਾ।

2. ਕੇ.ਸੀ.ਸੀ. ਘੁੰਮਣ ਖਾਤੇ ਦੇ ਰੂਪ ਵਿਚ ਹੋਵੇਗਾ। ਜੇਕਰ ਖਾਤੇ ਵਿਚ ਕੋਈ ਕ੍ਰੈਡਿਟ ਬੈਲੈਂਸ ਹੈ ਤਾਂ ਬੈਂਕ ਬਚਤ ਦਰ ’ ਦਾ ਵਿਆਜ ਮਿਲੇਗਾ।

1 ਲੱਖ ਰੁਪਏ ਦੀ ਹੱਦ ਤੱਕ ਦੇ ਕਰਜ਼ ਤੇ ਸਮਰਥਕ ਸੁਰੱਖਿਆ ਨੂੰ ਛੋਟ ਦਿੱਤੀ ਜਾਂਦੀ ਹੈ।

### ਸੰਦੇਸ਼ 2 : ਫਸਲੀ ਕਰਜ਼ ਦੀ ਤਤਕਾਲੀ/ਤੁਰੰਤ ਅਦਾਇਗੀ ਦੇ ਕਈ ਲਾਭ ਹਨ?

ਬੈਂਕ ਤੋਂ ਉਧਾਰ ਲੈਣਾ।




ਸਾਲ 2017-18 ਦੌਰਾਨ 3 ਲੱਖ ਰੁਪਏ ਤੱਕ ਘੱਟ ਸਮੇਂ ਦੀ ਫਸਲ ਕਰਜ਼ ਲਈ ਵਿਆਜ ਦੀ 4% ਵਿਆਜ ਦਰ (ਸਮੇਂ ਸਮੇਂ ਤੇ ਭਾਰਤ ਸਰਕਾਰ ਦੁਆਰਾ ਐਲਾਨ ਕੀਤੀਆਂ ਵਿਆਜ ਸਬਸਿਡੀ ਸਕੀਮਾਂ)*

ਗੈਰ ਰਜਿਸਟਰਡ ਅਦਾਰਿਆਂ/ਮਹਾਜਨਾਂ ਜਾਂ ਪੈਸਾ ਉਧਾਰ ਦੇਣ ਵਾਲਿਆਂ ਤੋਂ ਉਧਾਰ ਲੈਣਾ



ਵਿਆਜ ਦੀ ਉੱਚੀ ਦਰ/ਸਮਰਥਕ ਜਰੂਰੀ ਹੋ ਵੀ ਸਕਦੀ ਹੈ ਜਾਂ ਨਹੀਂ ਵੀ ਹੋ ਸਕਦੀ ਹੈ।

### ਵੇਲੇ ਸਿਰ ਕਰਜ਼ ਅਤੇ ਵਿਆਜ ਦੀ ਅਦਾਇਗੀ ਦਾ ਫਾਇਦਾ



- ਕ੍ਰੈਡਿਟ ਸਕੋਰ ਵਿਚ ਸੁਧਾਰ
- ਅਗਲੀ ਵਾਰ ਜਿਆਦਾ ਲੋਨ ਦੀ ਰਕਮ
- ਵਿਆਜ ਦਰ ਘਟਦੀ ਹੈ

*4% ਦਰ ਲਈ ਯੋਗ ਹੋਣ ਲਈ, ਕਿਸਾਨ ਨੂੰ ਬੈਂਕ ਦੁਆਰਾ ਮਿਥੀ ਗਈ ਮਿਤੀ ਦੇ ਅੰਦਰ-ਅੰਦਰ ਕਰਜ਼ਾ ਵਾਪਸ ਕਰਨਾ ਚਾਹੀਦਾ ਹੈ, ਕਿਸੇ ਵੀ ਹਾਲਤ ਵਿਚ ਇਹ ਇਕ ਸਾਲ ਤੋਂ ਵੱਧ ਨਹੀਂ ਹੋ ਸਕਦਾ।

## ਸੰਦੇਸ਼ 3 : ਖੇਤੀ ਉਤਪਾਦਾਂ ਦੀ ਸੰਕਟਕਾਲੀ ਵਿਕਰੀ ਤੋਂ ਬਚੋ – ਵੇਅਰਹਾਊਸ ਰਸੀਦਾਂ ਦੇ ਨਾਲ ਵਿੱਤੀ ਸਹਾਇਤਾ ਪ੍ਰਾਪਤ ਕਰੋ।

ਜਦ ਕਦੇ ਤੁਹਾਡੀ ਫਸਲ ਅੱਛੀ ਹੋ ਗਈ ਹੈ ਤਾਂ ਅੱਧਾ ਕੰਮ ਹੋ ਗਿਆ ਹੈ। ਤੁਹਾਨੂੰ ਆਪਣੇ ਉਤਪਾਦ ਨੂੰ ਚੰਗੀ ਕੀਮਤ ਤੇ ਵੇਚਣਾ ਜਰੂਰੀ ਹੈ।



ਘੱਟ ਕੀਮਤਾਂ ਤੇ ਨਾ ਵੇਚੋ।

### ਵੇਅਰਹਾਊਸਾਂ ਦੀ ਵਰਤੋਂ ਕਰੋ।



੧ ਤੁਹਾਨੂੰ ਲਗਦਾ ਹੈ ਕਿ ਤੁਹਾਨੂੰ ਉਚਿਤ ਕੀਮਤ ਨਹੀਂ ਮਿਲ ਰਹੀ ਹੈ ਤਾਂ ਆਪਣੇ ਉਤਪਾਦਾਂ ਨੂੰ ਵੇਅਰਹਾਊਸ ਰਸੀਦਾਂ # ਦੇ ਵਿਰੁੱਧ ਵੇਅਰਹਾਊਸ ਵਿਚ ਸਟੋਰ ਕਰੋ ਅਤੇ ਆਪਣੀਆਂ ਤੁਰੰਤ ਨਕਦ ਲੋੜਾਂ ਲਈ ਬੈਂਕ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰੋ – ਵਿਆਜ ਦੀ ਸਬਵੈਂਸ਼ਨ ਦਾ ਲਾਭ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਉਪਲਬਧ ਹੋਵੇਗਾ ਜੋ ਕਿ ਕਿਸਾਨ ਕ੍ਰੈਡਿਟ ਕਾਰਡ ਧਾਰਕ ਹਨ ਉਹ ਆਪਣੇ ਉਤਪਾਦਾਂ ਨੂੰ ਗੁਦਾਮਾਂ ਵਿਚ ਰੱਖਣ ਲਈ ਵੇਅਰਹਾਊਸ ਰਸੀਦ ਦੇ ਸਮਝੋਤੇ ਵਿਰੁੱਧ 7%*ਦੀ ਦਰ ਨਾਲ ਫਸਲ ਤੋਂ ਬਾਅਦ ਛੇ ਮਹੀਨੇ ਤੱਕ ਹੋਰ ਮੁੱਦਤ ਲਈ ਆਪਣੇ ਉਤਪਾਦਾਂ ਨੂੰ ਵੇਅਰਹਾਊਸ ਵਿਚ ਰੱਖ ਸਕਦੇ ਹੋ।

* ਭਾਰਤ ਸਰਕਾਰ ਦੀ ਨਵੀਂ ਸਮਰਥਕ ਯੋਜਨਾ ਸਮੇਂ -ਸਮੇਂ ਤੇ ਘੋਸ਼ਿਤ ਕੀਤੀ ਗਈ।

*ਡਬਲਿਊਡੀ ਆਰ ਏ (ਵੇਅਰ ਹਾਊਸਿੰਗ ਵਿਕਾਸ ਐਂਡ ਰੈਗੂਲੇਟਰੀ ਅਥਾਰਟੀ) ਵਲੋਂ ਮਾਨਤਾ ਪ੍ਰਾਪਤ ਗੋਦਾਮ ਭੰਡਾਰਾਂ ਨੂੰ ਜਾਰੀ ਕੀਤਾ ਗਿਆ।

## ਸੰਦੇਸ਼ 4 : ਫਸਲ ਬੀਮਾ – ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ (ਪੀ ਐਮ ਐਫ ਬੀ ਵਾਈ)

### ਵਿਆਪਕ ਬੀਮਾ ਕਵਰ

ਪੀ.ਐੱਮ.ਐੱਫ.ਬੀ.ਵਾਈ. ਫਸਲ ਦੀ ਅਸਫਲਤਾ ਦੇ ਵਿਰੁੱਧ ਇੱਕ ਵਿਆਪਕ ਬੀਮਾ ਕਵਰ ਪ੍ਰਦਾਨ ਕਰਦਾ ਹੈ। ਇਸ ਪ੍ਰਕਾਰ ਕਿਸਾਨਾਂ ਦੀ ਆਮਦਨ ਨੂੰ ਸਥਿਰ ਕਰਨ ਵਿੱਚ ਮਦਦ ਕਰਦਾ ਹੈ ਅਤੇ ਇਨ੍ਹਾਂ ਨਵੀਆਂ ਕ੍ਰਿਆਵਾਂ ਨੂੰ ਅਪਨਾਉਣ ਲਈ ਉਤਸਾਹਿਤ ਕਰਦਾ ਹੈ।

### ਪ੍ਰੀਮੀਅਮ ਦੀ ਘਰ ਦਰ

ਪੀ.ਐੱਮ.ਐੱਫ.ਬੀ.ਵਾਈ. ਕਿਸਾਨਾਂ ਲਈ ਪ੍ਰੀਮੀਅਮ ਦੀ ਬਹੁਤ ਘੱਟ ਦਰ ਤੇ ਉਪਲਬਧ ਹੈ ਜੋ ਵੱਧ ਤੋਂ ਵੱਧ ਰਬੀ ਲਈ 1.5% ਬੀਮਾਕ੍ਰਿਤ ਰਾਸ਼ੀ ਅਤੇ ਖਰੀਫ ਲਈ 2% ਤੱਕ ਦੀ ਫੂਡ ਫਸਲ, ਦਾਲਾਂ ਅਤੇ ਤੇਲਬੀਜਾਂ, ਸਲਾਨਾ ਬਾਗਬਾਨੀ ਅਤੇ ਵਪਾਰਕ ਫਸਲਾਂ ਲਈ ਬੀਮੇ ਦੀ ਰਕਮ ਦਾ 5% ਤੱਕ ਹੋਵੇਗੀ। ਇਹ ਸਕੀਮ ਫਸਲੀ ਚੱਕਰ ਦੇ ਸਾਰੇ ਪੜਾਵਾਂ ਜਿਸ ਵਿਚ ਕਟਾਈ ਤੋਂ ਬਾਅਦ ਵਿਸੇਸ ਆਵਸਕਤਾ ਦਾ ਜੋਖਮ ਵੀ ਸ਼ਾਮਲ ਹੈ ਲਈ ਬੀਮਾ ਕਵਰ ਪ੍ਰਦਾਨ ਕਰਦੀ ਹੈ।

### ਪ੍ਰੀਮੀਅਮ ਦਾ ਫਰਕ

ਕਿਸਾਨਾਂ ਦੁਆਰਾ ਅਦਾ ਕੀਤੇ ਜਾਣ ਵਾਲੇ ਪ੍ਰੀਮੀਅਮ ਅਤੇ ਬੀਮੇ ਦੇ ਖਰਚ ਦੀ ਦਰ ਵਿਚਕਾਰ ਦੇ ਅੰਤਰ ਨੂੰ ਕੇਂਦਰ ਅਤੇ ਰਾਜ ਦੇ ਵਿਚਕਾਰ ਬਰਾਬਰ ਵਟਾਂਦਰਾ ਕੀਤਾ ਜਾਵੇਗਾ।



### ਵੱਖ-ਵੱਖ ਕੁਦਰਤੀ ਆਫਤਾਂ ਤੋਂ ਉਪਜ ਦੇ ਨੁਕਸਾਨ ਲਈ ਕਵਰ

(ੳ) ਕੁਦਰਤੀ ਅੱਗ, ਬਿਜਲੀ (ਅ) ਤੂਫਾਨ, ਗੜੇ (ਔਲੇ) ਡਿੱਗਣ, ਚੱਕਰਵਾਤ, ਹਨੇਰੀ, ਟੈਮਪੇਸਟ, ਹਰੀਕੇਨ ਤੂਫਾਨ, ਬਵੰਡਰ ਆਦਿ (ੲ) ਹੜ, ਸੈਲਾਬ, ਭੂ-ਸਲੱਖਣ (ਸ) ਸੋਕਾ, ਮੀਂਹ ਨਾ ਪੈਣਾ (ਹ) ਕੀਟ/ਰੋਗ ਆਦਿ, ਵਾਢੀ ਤੋਂ ਬਾਅਦ ਨੁਕਸਾਨ ਅਤੇ ਇਕੋ ਜਿਹੇ ਲੋਕਲ ਜੋਖਮ ਦੀਆਂ ਘਟਨਾਵਾਂ ਦੇ ਕਾਰਨ ਹਾਨੀ/ਨੁਕਸਾਨ ਅਧਿਸੂਚਿਤ ਖੇਤਰ ਵਿੱਚ ( ਜਿਵੇਂ ਕਿ ਤੂਫਾਨ, ਭੂਸਲਖਣ, ਸੈਲਾਬ ਤੋਂ ਫਸਲੀ ਨੁਕਸਾਨ ਦੇ ਨਾਲ ਅਲਗ ਖੇਤਾਂ ਨੂੰ ਪ੍ਰਭਾਵਿਤ ਕਰਦੇ ਹਨ ਇਸ ਯੋਜਨਾ ਦੇ ਅੰਦਰ ਕਵਰ ਹੁੰਦੇ ਹਨ।

### ਮੁਆਵਜੇ ਦੇ 3 ਪੱਧਰ

ਫਸਲਾਂ ਦੇ ਘਾਟੇ ਦੇ ਤਿੰਨ ਪੱਧਰ ਜਿਵੇਂ ਕਿ 70%, 80% ਅਤੇ 90% ਖੇਤਰਾਂ ਵਿਚ ਫਸਲ ਜੋਖਮ ਦੇ ਅਨੂਰੂਪ ਸਾਰੀਆਂ ਫਸਲਾਂ ਲਈ ਮੌਜੂਦ ਹਨ।

### ਕਰਜ਼ਾ ਦੇਣ ਵਾਲੇ ਕਿਸਾਨਾਂ ਲਈ ਲਾਜ਼ਮੀ

ਸਕੀਮ ਫਸਲ ਕਰਜ਼ਾ ਅਧਿਸੂਚਿਤ ਫਸਲਾਂ ਲਈ ਕੇ.ਸੀ.ਸੀ. ਖਾਤਾ ਪ੍ਰਾਪਤ ਕਰਨ ਵਾਲੇ ਲੋੜਵੰਦ ਕਿਸਾਨਾਂ ਲਈ ਲਾਜ਼ਮੀ ਹੈ। ਪਰ ਇਹ ਦੂਜੇ/ਗੈਰ ਕਰਜ਼ਾ ਕਿਸਾਨਾਂ ਲਈ ਸਵੈ-ਇੱਛੁਕ ਹੈ ਜਿਨ੍ਹਾਂ ਨੇ ਬੀਮੇ ਵਾਲੀ ਫਸਲਾਂ ਵਿਚ ਬੀਮਾ ਕਰਨ ਲਈ ਰੁਝਾਨ ਵਿਖਾਇਆ ਹੈ।



**ਮੁਆਵਜੇ = ਕਾਨੂੰਨੀ ਜਿੰਮੇਵਾਰੀ, ਘਾਟੇ ਜਾਂ ਵਿੱਤੀ ਬੋਝ ਤੋਂ ਬਚਾਓ।**
**ਕਰਜ਼ਾ ਲੈਣ ਵਾਲੇ ਕਿਸਾਨਾਂ ਲਈ ਲਾਜ਼ਮੀ**

**ਸੰਦੇਸ਼ 5 : ਕੁਦਰਤੀ ਆਪਦਾ ਕਰਕੇ ਜੇ ਤੁਹਾਡੀ ਫਸਲ ਦਾ ਨੁਕਸਾਨ ਹੋ ਗਿਆ ਹੈ ਤਾਂ ਉਮੀਦ ਨਾ ਛੱਡੋ। ਫਸਲ ਦੇ ਨੁਕਸਾਨ ਦੀ ਹੱਦ ਬਾਰੇ ਆਪਣੇ ਬੈਂਕ ਨੂੰ ਸੂਚਿਤ ਕਰੋ ਅਤੇ ਬੈਂਕ ਤੋਂ ਸਹਾਇਤਾ ਦੀ ਮੰਗ ਕਰੋ।**



ਇਕ ਵਾਰ ਜਦੋਂ ਕੇਂਦਰੀ/ਰਾਜ ਸਰਕਾਰ ਕੁਦਰਤੀ ਆਪਦਾਵਾਂ ਜਿਵੇਂ ਕਿ ਚੱਕਰਵਾਤ, ਸੋਕਾ, ਭੂਚਾਲ, ਅੱਗ, ਹੜ੍ਹ, ਸੁਨਾਮੀ, ਗੜੇ, ਭੂਮੀ, ਹਵਾਬਾਜੀ, ਬੱਦਲ ਫੱਟਣਾ, ਕੀਟਾਂ ਦੇ ਹਮਲੇ ਜਾਂ ਠੰਡੀ/ਜੰਮਾ ਦੇਣ ਵਾਲੀ ਠੰਡ ਆਦਿ ਨਾਲ ਤੁਹਾਡੇ ਖੇਤਰ ਨੂੰ ਪ੍ਰਭਾਵਿਤ ਘੋਸ਼ਿਤ ਕਰ ਦਿੱਤਾ ਜਾਂਦਾ ਹੈ ਅਤੇ ਫਸਲ ਦਾ ਨੁਕਸਾਨ 33% ਜਾਂ ਇਸ ਤੋ ਵੱਧ ਹੋਣ ਦਾ ਮੁਲਾਂਕਣ ਕੀਤਾ ਗਿਆ ਹੈ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਬੈਂਕ ਦੀ ਬ੍ਰਾਂਚ ਵਿਚ ਸੰਪਰਕ ਕਰੋ, ਜਿਸ ਨੇ ਤੁਹਾਨੂੰ ਕਰਜ਼ਾ ਦਿੱਤਾ ਹੈ, ਕਿਉਂਕਿ ਕੁਦਰਤੀ ਆਫਤਾਂ ਨਾਲ ਹੋਏ ਨੁਕਾਰਨ ਕਾਰਨ ਤੁਹਾਡੀ ਕਰਜ਼ਾ ਮੋੜਨ ਦੀ ਸਮਰੱਥਾ ਕਮਜ਼ੋਰ ਹੋ ਜਾਂਦੀ ਹੈ।

## ਬੈਂਕ ਤੁਹਾਡੇ ਲਈ ਕੀ ਕਰ ਸਕਦਾ ਹੈ ?




ਆਪਣੇ ਛੋਟੀ ਮਿਆਦ ਦੇ ਕਰਜੇ ਨੂੰ ਮੂਲ ਅਤੇ ਵਿਆਜ ਸਹਿਤ ਇਕ ਮਿਆਦ ਦੇ ਕਰਜ਼ੇ ਵਿਚ ਬਦਲੋ।

### ਛੋਟੀ ਮਿਆਦ ਦੇ ਕਰਜ਼ੇ (ਫਸਲ ਕਰਜ਼ੇ)

ਜੇਕਰ ਘਾਟਾ 33% ਅਤੇ 50% ਵਿਚਕਾਰ ਹੈ ਤਾਂ ਕਰਜਾ ਵਾਪਸ ਕਰਨ ਦੀ ਸੀਮਾ 2 ਸਾਲ ਹੈ (1 ਸਾਲ ਦੀ ਅਗਾਂਹ ਵਧਾਈ ਮਿਤੀ ਸਹਿਤ) ਅਤੇ ਜੇਕਰ ਫਸਲੀ ਘਾਟਾ 50% ਜਾ ਵੱਧ ਹੈ ਤਾਂ ਕਰਜਾ ਵਾਪਿਸ ਕਰ ਦਾ ਸਮਾਂ ਵੱਧ ਤੋਂ ਵੱਧ 5 ਸਾਲ ਤੱਕ ਵਧਾਇਆ ਜਾ ਸਕਦਾ ਹੈ (1 ਸਾਲ ਦੀ ਅਗਾਂਹ ਵਧਾਈ ਮਿਤੀ ਸਹਿਤ)।

ਪੁਨਰਗਠਨ ਦੇ ਸਾਰੇ ਮਾਮਲਿਆਂ ਵਿਚ, ਘੱਟ ਤੋਂ ਘੱਟ ਇਕ ਸਾਲ ਦੀ ਹੋਰ ਮਿਆਦ ਵਧਾਉਣ ਤੇ ਵਿਚਾਰ ਕੀਤਾ ਜਾਵੇਗਾ। ਇਸ ਤੋਂ ਇਲਾਵਾਂ ਬੈਂਕ ਅਜਿਹੇ ਪੁਨਰਗਠਿਤ ਕਰਜ਼ੇ ਲਈ ਵਧੀਕ ਸਮਰਥਕ ਸੁਰੱਖਿਆ 'ਤੇ ਜ਼ੋਰ ਨਹੀਂ ਪਾਉਣਗੇ।

ਖੇਤੀ ਬਾੜੀ ਕਰਜ਼ਾ – (ਲੰਬੀ ਮਿਆਦ (ਨਿਵੇਸ਼) ਕ੍ਰੈਡਿਟ – ਤੁਹਾਡੀ ਮੁੜ-ਭੁਗਤਾਨ ਕਰਨ ਦੀ ਸਮਰੱਥਾ ਅਤੇ ਕੁਦਰਤੀ ਆਫਤਾਂ ਦੀ ਪ੍ਰਕਿਰਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਮੌਜੂਦਾ ਮਿਆਦੀ ਕਰਜ਼ੇ ਦੀਆਂ ਕਿਸ਼ਤਾਂ ਨੂੰ ਮੁੜ ਨਿਰਧਾਰਿਤ ਕੀਤਾ ਜਾਵੇਗਾ।

ਕੁਦਰਤੀ ਆਫਤਾਂ ਦੇ ਕਾਰਨ ਜਦੋਂ ਤੁਸੀਂ ਆਪਣੀ ਫਸਲ ਗੁਆ ਬੈਠਦੇ ਹੋ ਤਾਂ ਤੁਹਾਡਾ ਇਹ ਫਰਜ਼ ਹੈ ਕਿ ਤੁਸੀਂ ਬੈਂਕ ਦੀ ਬ੍ਰਾਂਚ ਨੂੰ ਇਸ ਬਾਰੇ ਸੂਚਿਤ ਕਰੋ ਅਤੇ ਬੈਂਕ ਤੋਂ ਸਹਾਇਤਾ ਦੀ ਮੰਗ ਕਰੋ।

## ਟਾਰਗੇਟ ਖਾਸ ਵਿੱਤੀ ਸਾਖਰਤਾ ਸਮੱਗਰੀ

ਭਾਰਤੀ ਰਿਜ਼ਰਵ ਬੈਂਕ ਦੇ ਕਾਰਜਕਾਰੀ ਡਾਇਰੈਕਟਰ ਸ੍ਰੀ ਦੀਪਕ ਮੋਹਾਂਤੀ ਦੀ ਪ੍ਰਧਾਨਗੀ ਵਿੱਚ ਵਿੱਤੀ ਸਮਾਵੇਸ਼ਨ ਦੇ ਮੱਧਮ ਪੜਾਅ 'ਤੇ ਕਮੇਟੀ ਦੀ ਇਕ ਸਿਫਾਰਿਸ਼ ਇਹ ਸੀ, ਕਿ ਵਿੱਤੀ ਸਾਖਰਤਾ ਦੀ ਇਕ ਤਰਾਂ ਦੀ ਪਹੁੰਚ ਸਭ ਲਈ ਉਚਿੱਤ ਹੋਵੇ ਘੱਟ ਹੀ ਪ੍ਰਮਾਣਕ/ ਅਦਰਸਕ ਹੋ ਸਕੇਗੀ ਕਿਉਂਕਿ ਵੱਖ-ਵੱਖ ਟਾਰਗੇਟ ਗਰੁੱਪਾਂ ਲਈ ਵੱਖ-ਵੱਖ ਵਿੱਤੀ ਸਾਖਰਤਾ ਲੋੜੀਦੀ ਹੋਵੇਗੀ। ਨਤੀਜੇ ਵਜੋਂ, ਸਮੱਗਰੀ ਨੂੰ ਵੱਖ-ਵੱਖ ਟੀਚੇ ਸਮੂਹਾਂ ਲਈ ਅਨੁਕੂਲਿਤ ਕਰਨ ਦੀ ਲੋੜ ਹੈ"

ਭਾਰਤੀ ਰਿਜ਼ਰਵ ਬੈਂਕ ਦੇ ਵਿੱਤੀ ਸਮਾਵੇਸ਼ਨ ਕਰਨ ਅਤੇ ਵਿਕਾਸ ਵਿਭਾਗ ਨੇ ਪੰਜ ਵੱਖ-ਵੱਖ ਟਾਰਗੇਟ ਗਰੁੱਪ ਅਰਥਾਤ ਕਿਸਾਨ, ਛੋਟੇ ਉਦਮੀ, ਸਕੂਲੀ ਬੱਚੇ, ਐਸ.ਐਚ.ਜੀ. ਅਤੇ ਬਿਰਧ ਨਾਗਰਿਕ ਸਮੂਹਾਂ ਲਈ ਅਨੁਕੂਲਿਤ ਵਿੱਤੀ ਸਾਖਰਤਾ ਦੀ ਸਮੱਗਰੀ ਤਿਆਰ ਕੀਤੀ ਹੈ। ਇਹ ਪੁਸਤਕ ਅਨੁਕੂਲ ਵਿੱਤੀ ਸਾਖਰਤਾ ਸਮੱਗਰੀ ਤੇ ਪੰਜ ਕਿਤਾਬਾਂ ਦੀ ਲੜੀ ਵਿੱਚੋਂ ਇੱਕ ਹੈ।

ਬੇਦਾਅਵਾ
ਪਾਠਕ ਨੂੰ ਇਹ ਪੁਸਤਕ ਆਰਥਕ ਤੌਰ ਤੇ ਪੜ੍ਹਾਈ ਕਰਨ ਅਤੇ ਸਿੱਖਿਆ ਦੇਣ ਵਾਲੀ ਸਮੱਗਰੀ ਦੇ ਰੂਪ ਵਿਚ ਪੇਸ਼ ਕੀਤੀ ਹੈ। ਇਹ ਪਾਠਕ ਨੂੰ ਕਿਸੇ ਖਾਸ ਵਿੱਤੀ ਉਤਪਾਦ/ਉਤਪਾਦਾਂ ਜਾਂ ਸੇਵਾ/ਸੇਵਾਵਾਂ ਦੇ ਸਬੰਧ ਵਿਚ ਫੈਸਲਾ ਕਰਨ ਵਿਚ ਪ੍ਰਭਾਵਿਤ ਕਰਨ ਲਈ ਨਹੀਂ ਹੈ।

ਕਾਪੀ ਰਾਈਟ
ਪਹਿਲਾ ਐਡੀਸ਼ਨ - 2018
ਜੇਕਰ ਸਰੋਤ ਨੂੰ ਸਵੀਕਾਰ ਕੀਤਾ ਜਾਂਦਾ ਹੈ ਤਾਂ ਮੁੜ ਉਤਪਾਦਨ ਦੀ ਇਜਾਜਤ ਹੈ।

ਲੇਖਕ ਅਤੇ ਪ੍ਰਕਾਸ਼ਕ :
ਵਿੱਤੀ ਸਮਾਵੇਸ਼ਨ ਅਤੇ ਵਿਕਾਸ ਵਿਭਾਗ,
ਭਾਰਤੀ ਰਿਜ਼ਰਵ ਬੈਂਕ,
10ਵੀਂ ਮੰਜਲ, ਕੇਂਦਰੀ ਕਾਰਯਾਲਆ ਬਿਲਡਿੰਗ
ਸ਼ਹੀਦ ਭਗਤ ਸਿੰਘ ਮਾਰਗ
ਕਿਲਾ
ਮੁੰਬਈ

ਸ਼ੁਕਰਾਨਾ
ਡਿਜਾਈਨ : ਕੌਸ਼ਿਕ ਰਾਮਾ ਚੰਦਰਨ

ਵਿੱਤੀ ਸਮਾਵੇਸ਼ਨ ਅਤੇ ਵਿਕਾਸ ਵਿਭਾਗ,
ਭਾਰਤੀ ਰਿਜ਼ਰਵ ਬੈਂਕ
10ਵੀਂ ਮੰਜ਼ਿਲ, ਕੇਂਦਰੀ ਕਾਰਯਾਲਯਾ
ਮੁੰਬਈ–400001, ਭਾਰਤ